Serial No. 187 | G-DTN–M–QVOA

# PUNJABI

## Paper—I

## (Literature)

*Time Allowed : Three Hours* | *Maximum Marks : 300*

## INSTRUCTIONS

*Candidates should attempt questions 1 and 5 which are compulsory, and any **THREE** of the remaining questions, selecting at least **ONE** question from each Section.*

*The number of marks carried by each question is indicated at the end of the question.*

*Answers must be written in **Punjabi**.*

***(Gurmukhi Script)***

**Important : Whenever a Question is being attempted, all its parts/sub-parts must be attempted contiguously. This means that before moving on to the next Question to be attempted, candidates must finish attempting all parts/sub-parts of the previous Question attempted. This is to be strictly followed.**

*Pages left blank in the answer-book are to be clearly struck out in ink. Any answers that follow pages left blank may not be given credit.*



punjabiforias.com by Satinder Sir
Scanned with CamScanner

## SECTION—A

1. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਦਿਉ। ਕੋਈ ਵੀ ਉੱਤਰ 150 ਸ਼ਬਦਾਂ ਤੋਂ ਉਪਰ ਦਾ ਨਾ ਹੋਵੇ :—

(a) ਪੰਜਾਬੀ ਨੂੰ ਸੁਰਾਤਮਕ ਜਾਂ 'ਟੋਨਲ' ਭਾਸ਼ਾ ਕਿਉਂ ਕਿਹਾ ਜਾਂਦਾ ਹੈ ? ਚਰਚਾ ਕਰੋ।

(b) ਪਰਸਰਗ '<u>ਦਾ</u>' ਅਤੇ '<u>ਵਾਲਾ</u>', ਦੂਜੇ ਪਰਸਰਗਾਂ '<u>ਨੇ</u>', '<u>ਤੋਂ</u>', '<u>ਨਾਲ</u>' ਆਦਿ ਤੋਂ ਕਿਵੇਂ ਵੱਖਰੇ ਹਨ ? ਕੀ ਇਹ ਵੱਖਰਾਪਨ ਨਾਂਵ ਤੇ ਲਿੰਗ ਨਾਲ ਸੰਬੰਧਤ ਹੈ ? ਚਰਚਾ ਕਰੋ।

(c) ਪੰਜਾਬੀ ਭਾਸ਼ਾ ਤੇ ਗੁਰਮੁਖੀ ਲਿਪੀ ਨੂੰ ਧਿਆਨ ਵਿਚ ਰੱਖਦਿਆਂ, ਭਾਸ਼ਾ ਤੇ ਲਿਪੀ ਦੇ ਆਪਸੀ ਸਬੰਧਾਂ ਬਾਰੇ ਸੰਖੇਪ ਚਰਚਾ ਕਰੋ।

(d) ਪੰਜਾਬੀ ਕਿੱਸਾ-ਕਾਵਿ ਤੇ ਵਾਰ-ਕਾਵਿ ਵਿਚਲਾ ਬੁਨਿਆਦੀ ਅੰਤਰ ਸਪੱਸ਼ਟ ਕਰੋ। ਪੰਜਾਬ ਦੀ ਭੂਗੋਲਿਕ ਸਥਿਤੀ ਨੇ ਇਹਨਾਂ ਦੋਹਾਂ ਕਾਵਿ-ਧਾਰਾਵਾਂ ਨੂੰ ਕਿਵੇਂ ਪ੍ਰਭਾਵਿਤ ਕੀਤਾ ?

(e) ਪੰਜਾਬੀ ਸੂਫ਼ੀ-ਕਾਵਿ ਤੇ ਗੁਰਮਤਿ-ਕਾਵਿ ਦੇ ਆਪਸੀ ਸੰਬੰਧਾਂ ਤੇ ਵੱਖਰਤਾਵਾਂ ਉਪਰ ਰੋਸ਼ਨੀ ਪਾਉ। 12×5=60

2. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਦਿਉ। ਕੋਈ ਵੀ ਉੱਤਰ 200 ਸ਼ਬਦਾਂ ਤੋਂ ਉਪਰ ਦਾ ਨਾ ਹੋਵੇ :—

(a) ਪੰਜਾਬੀ ਦੀਆਂ ਸੁਰ ਤੇ ਵਿਅੰਜਨ ਧੁਨੀਆਂ ਦੇ ਵਰਗੀਕਰਨ ਦੇ ਭਾਸ਼ਾ ਵਿਗਿਆਨਕ ਆਧਾਰ ਕਿਹੜੇ ਹਨ ? ਚਰਚਾ ਕਰੋ।

(b) 'ਧੁਨੀ ਵਿਉਂਤ' (Phonology) ਅਤੇ 'ਭਾਵਾਂਸ਼ ਵਿਉਂਤ' (Morphology) ਵਿਚਲਾ ਬੁਨਿਆਦੀ ਅੰਤਰ ਉਦਾਹਰਣਾਂ ਸਹਿਤ ਸਪੱਸ਼ਟ ਕਰੋ।

(c) ਪੰਜਾਬੀ ਸ਼ਬਦ-ਰਚਨਾ ਵਿਚ, ਅਗੇਤਰਾਂ ਤੇ ਪਿੱਛੇਤਰਾਂ ਦੇ ਮਹੱਤਵ ਨੂੰ ਉਦਾਹਰਣਾਂ ਸਹਿਤ ਉਭਾਰੋ।



(Contd.)

punjabiforias.com by Satinder Sir

Scanned with CamScanner

(d) 'ਭਾਸ਼ਾ' ਤੇ 'ਉਪ-ਭਾਸ਼ਾ' ਵਿਚਲਾ ਬੁਨਿਆਦੀ ਅੰਤਰ ਸਪੱਸ਼ਟ ਕਰਦਿਆਂ, ਪੰਜਾਬੀ ਉਪ-ਭਾਸ਼ਾਵਾਂ ਦੀਆਂ ਵਿਸ਼ੇਸ਼ਤਾਵਾਂ ਉਪਰ ਰੋਸ਼ਨੀ ਪਾਉ।

15×4=60

3. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਦਿਉ। ਕੋਈ ਵੀ ਉੱਤਰ 200 ਸ਼ਬਦਾਂ ਤੋਂ ਉਪਰ ਦਾ ਨਾ ਹੋਵੇ :–

(a) 'ਲਗਾਂ' ਤੇ 'ਲਗਾਖਰਾਂ' ਵਿਚਲਾ ਅੰਤਰ ਸਪੱਸ਼ਟ ਕਰਦਿਆਂ, ਪੰਜਾਬੀ ਲਗਾਖਰਾਂ ਦੀ ਵਰਤੋਂ ਉਪਰ ਇਕ ਭਾਵਪੂਰਤ ਨੋਟ ਲਿਖੋ।

(b) "ਪੰਜਾਬੀ ਭਾਸ਼ਾ ਦਾ ਸਰੋਤ, ਪ੍ਰਾਕ੍ਰਿਤ ਹੈ, ਸੰਸਕ੍ਰਿਤ ਨਹੀਂ।" ਇਸ ਕਥਨ ਦੇ ਹੱਕ ਜਾਂ ਵਿਰੋਧ ਵਿਚ ਆਪਣੇ ਵਿਚਾਰ ਪਰਗਟ ਕਰੋ।

(c) ਪੰਜਾਬੀ ਦੀ ਕਿਹੜੀ ਉਪ-ਭਾਸ਼ਾ ਨੂੰ ਭਾਰਤੀ ਪੰਜਾਬ ਵਿਚ 'ਟਕਸਾਲੀ ਭਾਸ਼ਾ' ਮੰਨਿਆ ਗਿਆ ਹੈ ਤੇ ਕਿਉਂ ? ਚਰਚਾ ਕਰੋ।

(d) ਪੰਜਾਬੀ ਭਾਸ਼ਾ ਲਈ ਸਭ ਤੋਂ ਢੁਕਵੀਂ ਲਿਪੀ ਕਿਹੜੀ ਹੈ ? ਇਸ ਭਾਸ਼ਾ ਨੂੰ ਸ਼ੁਧ ਅਤੇ ਸਹਜ ਰੂਪ ਵਿਚ ਕਿਸ ਲਿਪੀ ਵਿਚ ਲਿਖਿਆ ਜਾ ਸਕਦਾ ਹੈ ? ਉੱਤਰ ਠੋਸ ਦਲੀਲਾਂ ਸਹਿਤ ਦਿਓ।

15×4=60

4. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਦਿਉ। ਕੋਈ ਵੀ ਉੱਤਰ 250 ਸ਼ਬਦਾਂ ਤੋਂ ਉਪਰ ਦਾ ਨਾ ਹੋਵੇ :–

(a) ਨਾਥ ਜੋਗੀਆਂ ਦੇ ਸਾਹਿਤ ਨੂੰ ਪੰਜਾਬੀ-ਸਾਹਿਤ ਦਾ ਆਦਿ ਮਿੱਥ ਲੈਣਾ ਕਿਥੋਂ ਤੱਕ ਉਚਿਤ ਹੈ ? ਚਰਚਾ ਕਰੋ।



punjabiforias.com by Satinder Sir

Scanned with CamScanner

(b) ਗੁਰਮਤਿ ਕਾਵਿ-ਧਾਰਾ ਦੇ ਭਾਸ਼ਾਈ ਸੋਮਿਆਂ ਬਾਰੇ ਟਿਪਣੀ ਕਰਦਿਆਂ ਇਸ਼ ਕਾਵਿ-ਧਾਰਾ ਦੀਆਂ ਸਾਹਿਤ-ਸਭਿਆਚਾਰਕ ਵਿਸ਼ੇਸ਼ਤਾਵਾਂ ਨੂੰ ਉਭਾਰੋ।

(c) ਪੰਜਾਬੀ 'ਸੂਫ਼ੀ-ਕਾਵਿ' ਤੇ 'ਕਿੱਸਾ-ਕਾਵਿ' ਦੇ ਆਪਸੀ ਸੰਬੰਧਾਂ ਬਾਰੇ ਚਰਚਾ ਕਰੋ। ਇਨ੍ਹਾਂ ਦੋਹਾਂ ਕਾਵਿ-ਧਾਰਾਵਾਂ ਦੇ ਪਿਛੋਕੜ ਵਿਚ ਕਾਰਜਸ਼ੀਲ ਸਾਮੀ-ਸੰਸਕ੍ਰਿਤੀ (ਸੈਮਟਿਕ ਕਲਚਰ) ਦੇ ਮਹੱਤਵ ਨੂੰ ਵੀ ਉਭਾਰੋ। 20×3=60

## SECTION—B

5. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਦਿਉ। ਕੋਈ ਵੀ ਉੱਤਰ 150 ਸ਼ਬਦਾਂ ਤੋਂ ਉਪਰ ਦਾ ਨਾ ਹੋਵੇ :—

(a) 'ਕਾਵਿ-ਪ੍ਰਵਿਰਤੀ' ਤੋਂ ਕੀ ਭਾਵ ਹੈ ? ਆਧੁਨਿਕ ਪੰਜਾਬੀ ਕਾਵਿ-ਪ੍ਰਵਿਰਤੀਆਂ ਦੇ ਮਹੱਤਵ ਨੂੰ ਉਭਾਰੋ।

(b) ਪੰਜਾਬੀ ਲੋਕ-ਸਾਹਿਤ ਦੇ ਇਕੱਤਰੀਕਰਨ ਅਤੇ ਅਧਿਐਨ ਕਰਨ ਵਿਚ ਅੰਗਰੇਜ਼-ਵਿਦਵਾਨਾਂ ਨੇ ਕੀ ਭੂਮਿਕਾ ਨਿਭਾਈ ? ਅਜਿਹਾ ਕਰਨ ਪਿੱਛੇ ਉਨ੍ਹਾਂ ਦੀ ਬਸਤੀਵਾਦੀ-ਸੋਚ ਕਿਵੇਂ ਕਾਰਜਸ਼ੀਲ ਹੋਈ ਨਜ਼ਰ ਆਉਂਦੀ ਹੈ ? ਚਰਚਾ ਕਰੋ।

(c) ਨਜਮ ਹੁਸੈਨ ਸੱਯਦ ਦੀ ਆਲੋਚਨਾ-ਵਿਧੀ ਦੇ ਮੁੱਖ ਪਹਿਲੂਆਂ ਨਾਲ ਜਾਣ-ਪਛਾਣ ਕਰਾਉ।

(d) ਆਧੁਨਿਕ ਪੰਜਾਬੀ-ਸਾਹਿਤ ਉਪਰ ਪਏ ਪੱਛਮੀ ਪ੍ਰਭਾਵਾਂ ਨੂੰ ਚਰਚਾ ਦਾ ਵਿਸ਼ਾ ਬਣਾਉ।

(e) ਪੰਜਾਬੀ-ਨਾਟਕ ਤੇ ਰੰਗਮੰਚ ਦੀ ਮੌਜੂਦਾ ਸਥਿਤੀ ਉਪਰ ਰੋਸ਼ਨੀ ਪਾਉ। 12×5=60



punjabiforias.com by Satinder Sir
Scanned with CamScanner

ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਦਿਉ। ਕੋਈ ਵੀ ਉੱਤਰ 200 ਸ਼ਬਦਾਂ ਤੋਂ ਉਪਰ ਦਾ ਨਾ ਹੋਵੇ :—

(a) ਪ੍ਰੋ. ਪੂਰਨ ਸਿੰਘ ਨੂੰ ਪੰਜਾਬ ਤੇ ਪੰਜਾਬੀਅਤ ਦਾ ਬੁਲਾਰਾ ਕਵੀ ਕਿਉਂ ਕਿਹਾ ਜਾਂਦਾ ਹੈ? ਚਰਚਾ ਕਰੋ।

(b) "ਪ੍ਰਿੰ. ਤੇਜਾ ਸਿੰਘ ਨੇ ਪੰਜਾਬੀ-ਵਾਰਤਕ ਦੇ ਇਤਿਹਾਸ ਵਿਚ ਨਵਾਂ ਮੋੜ ਲਿਆਂਦਾ।" ਇਸ ਕਥਨ ਦੀ ਪੁਸ਼ਟੀ ਕਰੋ।

(c) ਪੰਜਾਬੀ-ਨਾਵਲ ਦੇ ਵਿਕਾਸ ਵਿਚ ਨਾਵਲਕਾਰ ਨਾਨਕ ਸਿੰਘ ਨੇ ਕੀ ਭੂਮਿਕਾ ਨਿਭਾਈ ? ਚਰਚਾ ਕਰੋ।

(d) ਪੰਜਾਬੀ-ਨਾਟਕ ਤੇ ਰੰਗਮੰਚ ਦੇ ਵਿਕਾਸ ਵਿਚ, ਈਸ਼ਵਰ ਚੰਦਰ ਨੰਦਾ ਨੇ ਕੀ ਯੋਗਦਾਨ ਦਿੱਤਾ? ਚਰਚਾ ਕਰੋ। 15×4=60

ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਦਿਉ। ਕੋਈ ਵੀ ਉੱਤਰ 200 ਸ਼ਬਦਾਂ ਤੋਂ ਉਪਰ ਦਾ ਨਾ ਹੋਵੇ :—

(a) ਨਾਟਕ ਅਤੇ ਰੰਗਮੰਚ ਦਾ ਕੀ ਸਬੰਧ ਹੈ? ਇਸ ਦ੍ਰਿਸ਼ਟੀ ਤੋਂ ਹਰਚਰਨ ਸਿੰਘ ਦੇ ਨਾਟਕਾਂ ਨੂੰ ਚਰਚਾ ਦਾ ਵਿਸ਼ਾ ਬਣਾਉ।

(b) ਸਾਹਿਤ ਵਿਚ ਪ੍ਰਗਤੀਸ਼ੀਲ-ਲਹਿਰ ਤੋਂ ਕੀ ਭਾਵ ਹੈ? ਨਵੀਂ ਪ੍ਰਗਤੀਸ਼ੀਲ ਪੰਜਾਬੀ-ਕਵਿਤਾ, ਕਿਨ੍ਹਾਂ ਲੀਹਾਂ ਉਪਰ ਤੁਰਦੀ ਨਜ਼ਰ ਆਉਂਦੀ ਹੈ? ਚਰਚਾ ਕਰੋ।

(c) ਪ੍ਰਿੰ. ਸੰਤ ਸਿੰਘ ਸੇਖੋਂ ਦੀ ਸਾਹਿਤ-ਆਲੋਚਨਾ ਦਾ ਵਿਚਾਰਧਾਰਕ ਆਧਾਰ ਕੀ ਹੈ? ਚਰਚਾ ਕਰੋ।

(d) ਪ੍ਰਿੰ. ਸੁਜਾਨ ਸਿੰਘ ਦੀ ਕਹਾਣੀ-ਕਲਾ ਦੀਆਂ ਵਿਸ਼ੇਸ਼ਤਾਵਾਂ ਬਿਆਨ ਕਰੋ। 15×4=60

(Contd.)



punjabiforias.com by Satinder Sir
Scanned with CamScanner

8. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਦਿਉ। ਕੋਈ ਵੀ ਉੱਤਰ 250 ਸ਼ਬਦਾਂ ਤੋਂ ਉਪਰ ਦਾ ਨਾ ਹੋਵੇ :–

(a) ਪੰਜਾਬੀ ਬੁਝਾਰਤਾਂ ਦੇ ਪਿਛੋਕੜ ਵਿਚ, 'ਲੋਕ ਮਨ' (Folk mind) ਕਿਵੇਂ ਕਾਰਜਸ਼ੀਲ ਹੋਇਆ ਨਜ਼ਰ ਆਉਂਦਾ ਹੈ ? ਚਰਚਾ ਕਰੋ।

(b) ਪ੍ਰੋ. ਮੋਹਨ ਸਿੰਘ ਰਚਿਤ ਮਹਾ-ਕਾਵਿ 'ਨਾਨਕਾਇਣ' ਦੀਆਂ ਸਾਹਿਤਕ-ਖ਼ੂਬੀਆਂ ਨੂੰ ਉਭਾਰੋ।

(c) ਗੁਰਦਿਆਲ ਸਿੰਘ ਜਾਂ ਕਰਤਾਰ ਸਿੰਘ ਦੁੱਗਲ ਵਿਚੋਂ ਕਿਸੇ ਇਕ ਦੇ ਨਾਵਲਾਂ ਦਾ ਵਿਸ਼ੈਗਤ-ਅਧਿਐਨ ਪੇਸ਼ ਕਰੋ।

20×3=60

punjabiforias.com
by Satinder Sir

Scanned with CamScanner